Coventry City Council

NHS University Hospitals Coventry and Warwickshire NHS Trust

# ਸਥਾਨਕ ਏਕੀਕਿਰਤ ਟੀਮ - ਦੇਖਭਾਲ ਦਾ ਦੂਜਾ ਸਥਾਨ

ਇਹ ਲੀਫ਼ਲੈੱਟ ਦੱਸਦਾ ਹੈ ਕਿ ਜਦੋਂ ਤੁਸੀਂ ਹਸਪਤਾਲ ਤੋਂ ਛੁੱਟੀ ਲੈਂਦੇ ਹੋ ਤਾਂ ਸਥਾਨਕ ਏਕੀਕ੍ਰਿਤ ਟੀਮ (LIT) ਤੁਹਾਡੀ ਕਿਵੇਂ ਮਦਦ ਕਰਦੀ ਹੈ।

## ਤੁਹਾਡੀ ਵਾਸਤੇ ਕੀ ਮਾਇਨੇ ਰੱਖਦਾ ਹੈ

ਹਸਪਤਾਲ ਤੋਂ ਛੁੱਟੀ ਲੈਣ ਤੋਂ ਪਹਿਲਾਂ ਤੁਸੀਂ ਆਪਣੀਆਂ ਦੇਖਭਾਲ ਦੀਆਂ ਜ਼ਰੂਰਤਾਂ ਬਾਰੇ ਸਾਡੇ ਨਾਲ ਚਰਚਾ ਕਰੋਗੇ। ਤੁਹਾਡੀਆਂ ਦੇਖਭਾਲ ਦੀਆਂ ਜ਼ਰੂਰਤਾਂ ਤੁਹਾਡੇ ਲਈ ਖਾਸ ਹਨ। ਅਸੀਂ ਪੁੱਛਾਂਗੇ, "ਤੁਹਾਡੇ ਵਾਸਤੇ ਕੀ ਮਾਇਨੇ ਰੱਖਦਾ ਹੈ?" ਇਸ ਲਈ ਅਸੀਂ ਤੁਹਾਡੀ ਰਿਕਵਰੀ ਲਈ ਮਿਲ ਕੇ ਕੰਮ ਕਰ ਸਕਦੇ ਹਾਂ।

## ਅਸੀਂ ਤੁਹਾਡੀ ਕਿਵੇਂ ਸਹਾਇਤਾ ਕਰਦੇ ਹਾਂ

ਸਥਾਨਕ ਏਕੀਕ੍ਰਿਤ ਟੀਮ ਹੈਲਥ ਅਤੇ ਸੋਸ਼ਲ ਕੇਅਰ ਸਟਾਫ ਦੀ ਬਣੀ ਹੋਈ ਹੈ ਜੋ ਤੁਹਾਡੀ ਦੇਖਭਾਲ ਪ੍ਰਦਾਨ ਕਰਨ ਲਈ ਮਿਲ ਕੇ ਕੰਮ ਕਰਦੇ ਹਨ। ਉਹ ਤੁਹਾਨੂੰ ਵੱਧ ਸੁਤੰਤਰ ਬਣਨ ਵਿੱਚ ਮਦਦ ਕਰਨ ਵਾਸਤੇ ਘੱਟ ਸਮੇਂ ਦੀ ਦੇਖਭਾਲ ਪ੍ਰਦਾਨ ਕਰਦੇ ਹਨ ਤਾਂ ਕਿ ਤੁਸੀਂ ਜਦੋਂ ਵੀ ਸੰਭਵ ਹੋਵੇ ਘਰ ਵਾਪਸ ਜਾ ਸਕੋਂ।

ਘੱਟ ਸਮੇਂ ਦੀ ਦੇਖਭਾਲ ਇਸ ਵਿੱਚ ਪ੍ਰਦਾਨ ਕੀਤੀ ਜਾ ਸਕਦੀ ਹੈ:

**ਦੇਖਭਾਲ ਨਾਲ ਰਿਹਾਇਸ਼**

- ਤੁਹਾਡੇ ਕੋਲ ਆਪਣਾ ਫਲੈਟ ਹੋਵੇਗਾ ਅਤੇ ਉੱਥੇ ਤੁਹਾਡੀ ਮਦਦ ਵਾਸਤੇ ਸਟਾਫ਼ ਮੌਜੂਦ ਹੋਵੇਗਾ।
- ਤੁਹਾਨੂੰ ਉਹਨਾਂ ਆਇਟਮਾਂ ਦੀ ਸੂਚੀ ਦਿੱਤੀ ਜਾਵੇਗੀ ਜੋ ਤੁਸੀਂ ਆਪਣੇ ਨਾਲ ਲੈ ਕੇ ਜਾਣੀਆਂ ਹਨ।
- ਜੇਕਰ ਤੁਸੀਂ ਆਪਣੇ ਲਈ ਖਰੀਦਦਾਰੀ ਨਹੀਂ ਕਰ ਸਕਦੇ ਜਾਂ ਖਾਣਾ ਨਹੀਂ ਬਣਾ ਸਕਦੇ ਹੋ, ਤਾਂ ਟੀਮ ਉਪਲਬਧ ਮਦਦ ਬਾਰੇ ਚਰਚਾ ਕਰੇਗੀ। ਤੁਹਾਨੂੰ ਖ਼ਰਚਾ ਭੁਗਤਾਨ ਕਰਨ ਦੀ ਲੋੜ ਹੋ ਸਕਦੀ ਹੈ।

**ਰਿਹਾਇਸ਼ੀ ਜਾਂ ਡਿਮੈਂਸ਼ੀਆ ਰਿਹਾਇਸ਼ੀ ਦੇਖਭਾਲ ਘਰ**

- ਕੇਅਰ ਹੋਮ ਵਿੱਚ ਤੁਹਾਡਾ ਆਪਣਾ ਕਮਰਾ ਹੋਵੇਗਾ, ਅਤੇ ਸਟਾਫ਼ ਤੁਹਾਡੀ ਦੇਖਭਾਲ ਲਈ ਉੱਥੇ ਹੋਵੇਗਾ। ਤੁਹਾਨੂੰ ਤੁਹਾਡੀਆਂ ਜ਼ਰੂਰਤਾਂ ਦੇ ਆਧਾਰ 'ਤੇ ਥੈਰੇਪਿਸਟ ਤੋਂ ਸਹਾਇਤਾ ਮਿਲ ਸਕਦੀ ਹੈ।
- ਦੇਖਭਾਲ ਕਰਨ ਵਾਲੇ ਰੋਜ਼ਾਨਾ ਦੇ ਕੰਮਾਂ ਵਿੱਚ ਤੁਹਾਡੀ ਮਦਦ ਕਰਨਗੇ, ਜਿਵੇਂ ਕਿ ਕੱਪੜੇ ਧੋਣਾ, ਨਹਾਉਣਾ, ਕੱਪੜੇ ਪਾਉਣਾ, ਅਤੇ ਟਾਇਲਟ ਦੀ ਵਰਤੋਂ ਕਰਨਾ।
- ਤੁਹਾਨੂੰ ਆਪਣੇ ਕੱਪੜੇ ਅਤੇ ਟਾਇਲਟਰੀ ਲਿਆਉਣ ਦੀ ਲੋੜ ਹੋਵੇਗੀ।

## ਰਿਕਵਰੀ

ਅਸੀਂ ਇੱਕ ਟੀਮ ਹਾਂ ਜੋ ਤੁਹਾਨੂੰ ਸਾਡੇ ਸਮਰਥਨ ਨਾਲ ਜਿੰਨਾ ਸੰਭਵ ਹੋ ਸਕੇ ਸੁਤੰਤਰ ਹੋਣ ਲਈ ਉਤਸ਼ਾਹਿਤ ਕਰਦੀ ਹੈ।

ਤੁਹਾਡੀ ਦੇਖਭਾਲ ਦੀ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਵੇਗੀ। ਇਹ ਯਕੀਨੀ ਬਣਾਉਣ ਲਈ ਹੈ ਕਿ ਤੁਹਾਡੀਆਂ ਜ਼ਰੂਰਤਾਂ ਪੂਰੀਆਂ ਹੋ ਗਈਆਂ ਹਨ, ਅਤੇ ਤੁਹਾਡੀ ਸੁਤੰਤਰਤਾ ਮੁੜ ਪ੍ਰਾਪਤ ਕਰਨ ਲਈ ਤੁਹਾਨੂੰ ਸਮਰਥਨ ਦਿੱਤਾ ਜਾ ਰਿਹਾ ਹੈ।

ਇਹ ਸਹਾਇਤਾ 6 ਹਫ਼ਤਿਆਂ ਲਈ ਹੈ, ਪਰ ਤੁਹਾਨੂੰ ਘੱਟ ਸਮੇਂ ਲਈ ਇਸਦੀ ਲੋੜ ਹੋ ਸਕਦੀ ਹੈ। 2 ਹਫ਼ਤਿਆਂ ਦੇ ਅੰਦਰ ਇਹ ਦੇਖਣ ਲਈ ਤੁਹਾਡੀਆਂ ਦੇਖਭਾਲ ਜ਼ਰੂਰਤਾਂ ਦੀ ਸਮੀਖਿਆ ਕੀਤੀ ਜਾਵੇਗੀ ਕਿ ਕੀ ਤੁਸੀਂ ਘਰ ਜਾ ਸਕਦੇ ਹੋ। ਜੇਕਰ ਤੁਹਾਡੀਆਂ ਜ਼ਰੂਰਤਾਂ ਘਰ ਵਿੱਚ ਪੂਰੀਆਂ ਨਹੀਂ ਹੋ ਸਕਦੀਆਂ, ਤਾਂ ਅਸੀਂ ਤੁਹਾਡੇ ਨਾਲ ਹੋਰ ਵਿਕਲਪਾਂ ਬਾਰੇ ਗੱਲ ਕਰਾਂਗੇ।

# ਮੁਲਾਂਕਣ

ਅਸੀਂ ਤੁਹਾਡੀ ਦੇਖਭਾਲ ਅਤੇ ਸਹਾਇਤਾ ਜ਼ਰੂਰਤਾਂ ਦਾ ਮੁਲਾਂਕਣ ਕਰਾਂਗੇ। ਇਹ ਸੰਭਵ ਹੈ ਕਿ ਤੁਹਾਡੇ ਸਮਾਜਿਕ ਦੇਖਭਾਲ ਦੇ ਮੁਲਾਂਕਣ ਦੇ ਪਹਿਲੇ ਦਿਨ ਤੋਂ ਖ਼ਰਚੇ ਹੋ ਸਕਦੇ ਹਨ।

ਤੁਹਾਨੂੰ ਵਿੱਤੀ ਮੁਲਾਂਕਣ ਵਿੱਚ ਮਦਦ ਮਿਲੇਗੀ ਅਤੇ ਟੀਮ ਦਾ ਇੱਕ ਮੈਂਬਰ ਉਪਲਬਧ ਮਦਦ ਦੀ ਵਿਆਖਿਆ ਕਰੇਗਾ।

## ਸੰਪਰਕ ਜਾਣਕਾਰੀ

**ਸਥਾਨਕ ਏਕੀਕਿਰਤ ਟੀਮ** ਫ਼ੋਨ 02476 833003

ਜੇਕਰ ਤੁਹਾਨੂੰ ਇਹ ਜਾਣਕਾਰੀ ਕਿਸੇ ਹੋਰ ਭਾਸ਼ਾ ਜਾਂ ਫਾਰਮੈਟ ਵਿੱਚ ਜ਼ਰੂਰਤ ਹੈ, ਤਾਂ ਕਿਰਪਾ ਕਰਕੇ ascdirect@coventry.gov.uk 'ਤੇ ਈਮੇਲ ਕਰੋ ਜਾਂ 02476 833033 'ਤੇ ਫ਼ੋਨ ਕਰੋ।

UHCW ਦੀ ਤੰਬਾਕੂਨੋਸ਼ੀ ਮੁਕਤ ਨੀਤੀ ਹੈ।

**ਕੀ ਅਸੀਂ ਸਹੀ ਸਮਝਿਆ?**

ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਨੂੰ ਦੱਸੋ ਕਿ ਤੁਸੀਂ ਸਾਡੀਆਂ ਸੇਵਾਵਾਂ ਬਾਰੇ ਕੀ ਸੋਚਦੇ ਹੋ। ਇਸ ਨਾਲ ਸਾਨੂੰ ਅੱਗੇ ਹੋਰ ਸੁਧਾਰ ਕਰਨ ਅਤੇ ਵਧੀਆ ਸੇਵਾ ਪ੍ਰਦਾਨ ਕਰਨ ਵਾਲੇ ਸਟਾਫ਼ ਮੈਂਬਰਾਂ ਨੂੰ ਮਾਨਤਾ ਦੇਣ ਵਿੱਚ ਮਦਦ ਮਿਲਦੀ ਹੈ।

ਆਪਣੀ ਗੱਲ ਕਹੋ। QR ਕੋਡ ਸਕੈਨ ਕਰੋ ਜਾਂ ਇਸ 'ਤੇ ਜਾਓ:
www.uhcw.nhs.uk/feedback

ਅੱਪਡੇਟ ਕੀਤੀ: ਮਾਰਚ 2025 ਸਮੀਖਿਆ: ਮਾਰਚ 2027 ਵਰਜ਼ਨ: 1 ਸੰਦਰਭ: HIC/LFT/304224